aglasem.com

FOR PUNJAB CLASS 10 PREPARATION

PSEB 10th Sample Paper 2027 PUNJABI (Paper B)

EXAM	YEAR	TYPE	SUBJECT
Punjab Class 10	2027	Sample Paper	Punjabi

ਸੈਸ਼ਨ: 2026-27

ਜਮਾਤ: ਦਸਵੀਂ **ਨਮੂਨਾ ਪ੍ਰਸ਼ਨ-ਪੱਤਰ** **ਪੰਜਾਬੀ (ਬੀ)**

ਸਮਾਂ : 3 ਘੰਟੇ **ਕੁੱਲ ਅੰਕ : 65**

1. ਵਸਤੂਨਿਸ਼ਠ ਪ੍ਰਸ਼ਨ: **1×16=16**

(ੳ) ਜੋ ਕਰੇਗਾ ਸੋ ਭਰੇਗਾ। ਵਾਕ ਵਿੱਚ 'ਜੋ' ਅਤੇ 'ਸੋ' ਸ਼ਬਦ ਕਿਸ ਪ੍ਰਕਾਰ ਦੇ ਪੜਨਾਂਵ ਹਨ? 1

(ਅ) ਸਾਡੇ ਸੰਵਿਧਾਨ ਵਿੱਚ ਕਿੰਨੀਆਂ ਭਾਸ਼ਾਵਾਂ ਪ੍ਰਵਾਨਿਤ ਹਨ? 1

(ੲ) 'ਨੀ/ ਬੀਬਾ/ ਕੁੜੇ/ ਵੇ/ ਓਏ' ਆਦਿ ਸ਼ਬਦ ਕਿਸ ਪ੍ਰਕਾਰ ਦੇ ਵਿਸਮਿਕ ਹਨ? 1

(ਸ) 'ਸੁਖਾਂਤ' ਸ਼ਬਦ ਦਾ ਵਿਰੋਧੀ ਸ਼ਬਦ ਲਿਖੋ। 1

ਬਹੁਵਿਕਲਪੀ ਪ੍ਰਸ਼ਨ:

(ਹ) ਜਿਨ੍ਹਾਂ ਸੁਰਾਂ ਨੂੰ ਉਚਾਰਨ ਸਮੇਂ ਬਹੁਤ ਘੱਟ ਸਮਾਂ ਲੱਗਦਾ ਹੈ, ਉਹਨਾਂ ਨੂੰ ਕੀ ਕਹਿੰਦੇ ਹਨ?

ੳ. ਹ੍ਰਸਵ ਸੁਰ ਅ. ਵਿਅੰਜਨ

ੲ. ਲਘੂ ਸੁਰ ਸ. ੳ ਅਤੇ ੲ ਦੋਵੇਂ।

(ਕ) ਭਾਸ਼ਾਈ ਸਰੰਚਨਾ ਦੀ ਛੋਟੀ ਤੋਂ ਛੋਟੀ ਇਕਾਈ ਕਿਹੜੀ ਹੈ?

ੳ. ਵਾਕ ਅ. ਵਾਕਾਂਸ਼

ੲ. ਧੁਨੀ ਸ. ਸ਼ਬਦ।

(ਖ) 'ਅਮਨ' ਸ਼ਬਦ ਦਾ ਸਮਾਨਾਰਥਕ ਸ਼ਬਦ ਚੁਣੋ:

ੳ. ਜੰਗ ਅ. ਸ਼ਾਂਤੀ

ੲ. ਲੜਾਈ ਸ. ਯੁੱਧ।

(ਗ) 'ਜਿਸ ਰਚਨਾ ਵਿੱਚ ਲੇਖਕ ਨੇ ਆਪਣੇ ਜੀਵਨ ਦਾ ਹਾਲ ਲਿਖਿਆ ਹੋਵੇ' ਇਸ ਵਾਕਾਂਸ਼ ਲਈ ਇੱਕ ਸ਼ਬਦ ਚੁਣੋ :

ੳ. ਜੀਵਨੀ ਅ. ਸੈ-ਜੀਵਨੀ

ੲ. ਸਫ਼ਰਨਾਮਾ ਸ. ਕਹਾਣੀ।

ਖ਼ਾਲੀ ਥਾਂਵਾਂ ਭਰੋ:

(ਘ) ਗੁਰਮੁਖੀ ਲਿਖਣ ਲਈ ਦਬਾਅ ਜਾਂ ਬਲ ਦਾ ਚਿੰਨ੍ਹ ..... ਹੈ? 1

(ਙ) ਵਿਆਕਰਨ ਵਿੱਚ ਸ਼ਬਦਾਂ ਦੀ ਵਿਆਖਿਆ ਕਰਨ ਵਾਲ਼ੇ ਭਾਗ ਦਾ ਨਾਂ ..... ਹੈ। 1

(ਚ) 'ਮੈਂ ਪੜ੍ਹ ਰਿਹਾ ਹੋਵਾਂਗਾ।' ਵਾਕ ਵਿੱਚ ..... ਕਾਲ-ਰੂਪ ਹੈ। 1

(ਛ) 'ਸ਼ੁਦਾਈ' ਸ਼ਬਦ ਦਾ ਇਸਤਰੀ-ਲਿੰਗ ਰੂਪ ..... ਹੈ। 1

ਸਹੀ/ਗ਼ਲਤ:

(ਜ) ਜਿਹੜਾ ਪਾਠ ਮੁੱਢ ਤੋਂ ਅਖ਼ੀਰ ਤੱਕ ਲਗਾਤਾਰ ਕੀਤਾ ਜਾਵੇ, ਉਸ ਨੂੰ ਸਹਿਜ-ਪਾਠ ਕਹਿੰਦੇ ਹਨ। 1

(ਝ) ਮੁਕਤਾ ਲਗ ਦਾ ਕੋਈ ਚਿੰਨ੍ਹ ਨਹੀਂ ਹੈ। 1

(ਞ) ਬਣਤਰ-ਰੂਪ ਦੇ ਆਧਾਰ 'ਤੇ ਯੋਜਕ ਕਿੰਨੀ ਪ੍ਰਕਾਰ ਦੇ ਹੁੰਦੇ ਹਨ। 1

(ਟ) ਵਾਕ ਵਿੱਚ ਕਿਰਿਆ ਦੀ ਵਿਸ਼ੇਸ਼ਤਾ ਪ੍ਰਗਟ ਕਰਨ ਵਾਲ਼ੇ ਸ਼ਬਦ ਨੂੰ ਵਿਸ਼ੇਸ਼ਣ ਕਹਿੰਦੇ ਹਨ। 1

2. ਹੇਠ ਲਿਖੇ ਵਿਸ਼ਿਆਂ ਵਿੱਚੋਂ ਕਿਸੇ ***ਇੱਕ*** ਉੱਤੇ ਲਗ-ਪਗ 400 ਸ਼ਬਦਾਂ ਦਾ ਲੇਖ ਲਿਖੋ। 10

(ੳ) ਮਨੁੱਖ ਅਤੇ ਵਿਗਿਆਨ
(ਅ) ਪੰਦਰਾਂ ਅਗਸਤ
(ੲ) ਕਰਤਾਰ ਸਿੰਘ ਸਰਾਭਾ
(ਸ) ਧਾਰਮਿਕ/ਇਤਿਹਾਸਿਕ ਸਥਾਨ ਦੀ ਯਾਤਰਾ
(ਹ) ਬੇਰੁਜ਼ਗਾਰੀ ਦੀ ਸਮੱਸਿਆ

3. ਆਪਣੇ ਵੱਡੇ ਭਰਾ/ ਕਿਸੇ ਨਜ਼ਦੀਕੀ ਰਿਸ਼ਤੇਦਾਰ ਨੂੰ ਇੱਕ ਪੱਤਰ ਲਿਖੋ ਜਿਸ ਵਿੱਚ ਦਸਵੀਂ ਦੇ ਪੇਪਰ ਦੇਣ ਉਪਰੰਤ ਅਗਲੇਰੀ ਪੜ੍ਹਾਈ ਲਈ ਸਲਾਹ ਦੀ ਮੰਗ ਕੀਤੀ ਗਈ ਹੋਵੇ।

ਜਾਂ

ਰਹਾਇਸ਼ੀ ਖੇਤਰ ਵਿੱਚ ਚੱਲਦਾ ਲੱਕੜ ਚੀਰਨ ਵਾਲ਼ਾ ਆਰਾ ਬੰਦ ਕਰਵਾਉਣ ਲਈ ਡਿਪਟੀ ਕਮਿਸ਼ਨਰ ਨੂੰ ਬੇਨਤੀ-ਪੱਤਰ ਲਿਖੋ।

2+4+1=7

4. ਹੇਠ ਲਿਖੇ ਪੈਰੇ ਦੀ ਸੰਖੇਪ ਰਚਨਾ ਲਗ-ਪਗ ਇੱਕ ਤਿਹਾਈ ਸ਼ਬਦਾਂ ਵਿੱਚ ਲਿਖੋ ਅਤੇ ਢੁਕਵਾਂ ਸਿਰਲੇਖ ਵੀ ਲਿਖੋ: ਕਿਸੇ ਵਿਅਕਤੀ ਨੂੰ ਉਸ ਦੀ ਗ਼ਲਤੀ ਦਾ ਅਹਿਸਾਸ ਵੀ ਉਹ ਹੀ ਕਰਵਾ ਸਕਦਾ ਹੈ ਜਿਸ ਨੂੰ ਉਸ ਦੇ ਵਿਗੜਨ ਦਾ ਦੁੱਖ ਹੈ ਅਤੇ ਉਹ ਵਿਗੜੇ ਨੂੰ ਸੁਧਾਰਨ ਦੀ ਲੋੜ ਸਮਝਦਾ ਹੈ। ਜਿਹੜਾ ਉਸ ਦੀ ਤਰੱਕੀ ਦਾ ਚਾਹਵਾਨ ਹੈ, ਉਸ ਦਾ ਭਲਾ ਸੋਚਦਾ ਹੈ। ਉਹ ਉਸ ਨੂੰ ਠੁੰਮ੍ਹਣਾ ਦੇਵੇ, ਅਹਿਸਾਸ ਕਰਾਏ ਕਿ ਚਿੱਕੜ ਵਿੱਚੋਂ ਬਾਹਰ ਆ ਜਾ। ਉਸ ਨੂੰ ਹੌਸਲਾ ਦੇਵੇ ਕਿ ਅਜੇ ਡੁੱਲ੍ਹੇ ਬੇਰਾਂ ਦਾ ਕੁਝ ਨਹੀਂ ਵਿਗੜਿਆ, ਉਸ ਲਈ ਘਰ ਦੇ ਬੂਹੇ ਬੰਦ ਨਹੀਂ—'ਭੁੱਲਾ ਉਹ ਨਾ ਜਾਣੀਏ ਜੋ ਮੁੜ ਘਰ ਆਵੇ।' ਉਹ ਥੋੜ੍ਹਾ ਜਿਹਾ ਵੀ ਹੁੰਗਾਰਾ ਭਰੇ ਤਾਂ ਉਸ ਦੀ ਬਾਂਹ ਫੜ ਲਈ ਜਾਵੇ। ਉਸ ਨੂੰ ਅਹਿਸਾਸ ਕਰਾਇਆ ਜਾਏ ਕਿ ਉਹ ਬਹੁਤ ਕੁਝ ਕਰ ਸਕਦਾ ਹੈ। ਕਿਸੇ ਗ਼ਲਤੀ 'ਤੇ ਇਹ ਅਹਿਸਾਸ ਨਾ ਕਰਾਇਆ ਜਾਵੇ ਕਿ ਉਸ ਨੇ ਤਾਂ ਨੱਕ ਵਢਾ ਦਿੱਤਾ ਹੈ, ਕੋਈ ਕਿਸੇ ਨੂੰ ਮੂੰਹ ਵਿਖਾਉਣ ਜੋਗਾ ਹੀ ਨਹੀਂ ਰਿਹਾ ਸਗੋਂ ਗ਼ਲਤੀ ਸੁਧਾਰਨ ਦੇ ਮੌਕੇ ਅਤੇ ਸਾਧਨ ਦਿੱਤੇ ਜਾਣ, ਰਾਹ ਦਿੱਤਾ ਜਾਵੇ ਅੱਗੇ ਵਧਣ ਦਾ ਕਿਉਂਕਿ ਨਾ ਕੋਈ ਦੇਵਤਾ ਜੰਮਦਾ ਹੈ ਤੇ ਨਾ ਦੈਂਤ। ਬੱਸ ਸੁਧਾਰ ਲਈ ਉੱਦਮ ਕਰਨ ਦੀ ਲੋੜ ਹੁੰਦੀ ਹੈ।

4+1=5

5. ਹੇਠ ਲਿਖੇ ਪੈਰੇ ਨੂੰ ਪੜ੍ਹ ਕੇ ਪੁੱਛੇ ਗਏ ਪ੍ਰਸ਼ਨਾਂ ਦੇ ਉੱਤਰ ਦਿਓ:

ਸਿਨਮਿਆਂ ਘਰਾਂ ਦੀ ਤਾਂ ਗੱਲ ਹੀ ਨਾ ਕਰੋ। ਜਿਵੇਂ ਬੱਤੀ ਉੱਤੇ ਭਮੱਕੜ ਪੈਂਦੇ ਹਨ ਇਉਂ ਸਾਡੇ ਨਵੇਂ ਜਵਾਨ ਪੈਂਦੇ ਹਨ ਜਿਨ੍ਹਾਂ ਵਿੱਚੋਂ ਅੱਧਿਆਂ ਦੀ ਵਿੱਦਿਆ ਪ੍ਰਾਇਮਰੀ ਜਮਾਤਾਂ ਤੀਕ ਹੁੰਦੀ ਹੈ ਤੇ ਜਿਨ੍ਹਾਂ ਵਿੱਚੋਂ ਖੇਲ੍ਹ ਦਾ ਪੂਰਾ ਕਿੱਸਾ ਬਹੁਤ ਥੋੜ੍ਹੇ ਸਮਝਿਆ ਕਰਦੇ ਹਨ। ਸਮਝ ਕੀ ਤੇ ਰੌਲ਼ਾ ਕੀ, ਦੋਵੇਂ ਇੱਕ ਥਾਂ ਹੋ ਹੀ ਨਹੀਂ ਸਕਦੇ। ਜਦ ਤੋਂ ਅਜ਼ਾਦੀ ਆਈ ਹੈ ਜਾਪਦਾ ਹੈ ਕਿ ਰੌਲ਼ਾ ਪਾਉਣ ਦੀ ਪੂਰੀ ਅਜ਼ਾਦੀ ਹੋ ਗਈ। ਰੇਡੀਓ ਤੇ ਲਾਊਡਸਪੀਕਰਾਂ ਨਾਲ਼ ਵਾਯੂਮੰਡਲ ਵਿੱਚ ਤਾਂ ਪਤਾ ਨਹੀਂ ਕਿ ਕੀ ਹੁੰਦਾ ਹੋਵੇਗਾ ਪਰ ਸਾਡੇ ਕੰਨ ਤੇ ਦਿਮਾਗ਼ ਤਾਂ ਵਿੰਨੇ ਪਏ ਹਨ। ਰੇਡੀਓ ਦਾ ਹਰ ਮਾਲਕ ਏਹੀ ਸਮਝਦਾ ਹੈ ਕਿ ਮੇਰਾ ਰੇਡੀਓ ਸਾਰਿਆਂ ਨੂੰ ਸੁਣਨਾ ਚਾਹੀਦਾ ਹੈ, ਐਵੇਂ ਕੀ ਪਤਾ ਲੱਗੇਗਾ ਰੇਡੀਓ ਦਾ। ਜਿਸ ਦੇਸ ਨੂੰ ਬਿਰਛਾਂ ਹੇਠ ਬੈਠੇ ਮੁਨੀਆਂ ਤੇ ਤਪੱਸੀਆਂ ਨੇ ਸ਼ਾਂਤ-ਚਿਤ ਘੱਟ ਬੋਲਣ ਵਾਲ਼ੇ ਬਣਬਾਸੀਆਂ ਦਾ ਦੇਸ ਆਖਿਆ ਜਾਂਦਾ ਹੈ ਉੱਥੇ ਪਤਾ ਹੀ ਨਹੀਂ ਲੱਗਦਾ ਕਿ ਚੁੱਪ ਤੇ ਸ਼ਾਂਤੀ ਕਿਹੋ-ਜਿਹੀ ਹੁੰਦੀ ਹੈ। ਕਿਵੇਂ ਹੋ ਸਕਦਾ ਹੈ ਕਿ ਸਾਡੇ ਸ਼ਹਿਰਵਾਸੀ ਨਾਗਰਿਕਾਂ ਦੀ ਸਿਹਤ ਏਹਨਾਂ ਅੱਠ ਪਹਿਰ ਪੈਣ ਵਾਲ਼ੀਆਂ ਚੋਟਾਂ ਨੂੰ ਝੱਲ ਕੇ ਸਾਬਤ ਰਹੇ।

ਏਨਾ ਰੌਲ਼ਾ ਜਾਂ ਜਿੰਨਾ ਕਿ ਸਾਡੇ ਬਜ਼ਾਰਾਂ ਵਿੱਚ ਪੈਂਦਾ ਹੈ ਰਾਤ ਪਈ ਤੋਂ ਗਿੱਦੜ ਵੀ ਨਹੀਂ ਪਾਉਂਦੇ। ਚਿੜੀਆ-ਘਰਾਂ ਵਿੱਚ ਜਿੱਥੇ ਭਾਂਤ-ਭਾਂਤ ਦੇ ਜਾਨਵਰ ਹਨ ਬਹੁਤ ਘੱਟ ਅਵਾਜ਼ਾਂ ਸੁਣੀਦੀਆਂ ਹਨ। ਕਾਂ ਭੀ ਕਿਸੇ ਮਾਰੂ ਬਿੱਲੇ

ਕੁੱਤੇ ਤੋਂ ਡਰ ਕੇ ਐਨੀ ਕਾਏਂ-ਕਾਏਂ ਕਰਦੇ ਹਨ। ਕੋਈ ਅਜਬ ਗੱਲ ਨਹੀਂ ਕਿ ਅਸੀਂ ਸੁਭਾਵਿਕ ਹੀ ਉੱਚੀ ਬੋਲਣ ਵਾਲ਼ੇ ਬਣਦੇ ਜਾ ਰਹੇ ਹਾਂ। ਰੌਲ਼ੇ ਵਿੱਚ ਬਿਨਾਂ ਉੱਚੀ ਬੋਲਣ ਤੋਂ ਸਰਦਾ ਨਹੀਂ। ਜਿਵੇਂ ਆਖਿਆ ਕਰਦੇ ਹਨ 'ਹੌਲ਼ੀ ਬੋਲ ਗੱਲ ਕਰਦਾ ਏਂ ਕਿ ਲੜਦਾ ਏਂ।' ਅਸੀਂ ਆਪਣੇ ਗਲ਼ਿਆਂ ਦੀ ਉਹ ਸੁਰੀਲੀ ਮੱਧਮ ਖਿੱਚ-ਭਰੀ ਤਾਲ ਨੂੰ ਭੁਲਾ ਰਹੇ ਹਾਂ ਕਿਉਂਕਿ ਸਾਨੂੰ ਰੌਲ਼ਾ ਪਾਉਣ ਵਾਲ਼ਿਆਂ ਨੂੰ ਰੋਕਣ ਤੇ ਉਹਨਾਂ ਦੇ ਕੰਨ ਖਿੱਚਣ ਦਾ ਹੌਸਲਾ ਨਹੀਂ। ਜਿਨ੍ਹਾਂ ਨੇ ਆਪਣੀਆਂ ਚੀਜ਼ਾਂ ਵੇਚਣੀਆਂ ਹਨ ਯਾ ਕੋਈ ਮੈਂਬਰੀ ਲੈਣੀ ਹੈ ਉਹਨਾਂ ਤਾਂ ਸਾਨੂੰ ਰੌਲ਼ਾ ਪਾ-ਪਾ ਆਪਣੇ ਵੱਲ ਖਿੱਚਣਾ ਹੋਇਆ। ਅਸੀਂ ਕਿਉਂ ਚੁਪ-ਚੁਪਾਤੇ ਓਹਨਾਂ ਦੇ ਸ਼ਿਕਾਰ ਬਣੀਏ।

1. ਭਮੱਕੜਾਂ ਦੇ ਵਾਂਗ ਸਾਡੇ ਨੌਜਵਾਨ ਕਿੱਥੇ ਇਕੱਠੇ ਹੁੰਦੇ ਹਨ?

ੳ. ਪ੍ਰਾਇਮਰੀ ਜਮਾਤਾਂ ਵਿੱਚ
ਅ. ਸਿਨੇਮਾਂ ਘਰਾਂ ਵਿੱਚ
ੲ. ਪੁਰਾਣੀਆਂ ਇਮਾਰਤਾਂ ਵਿੱਚ
ਸ. ਰੇਡੀਓ ਸਟੇਸ਼ਨਾਂ 'ਤੇ।

2. ਪੈਰੇ ਅਨੁਸਾਰ ਅਜ਼ਾਦੀ ਆਉਣ ਨਾਲ਼ ਸਮਾਜ ਨੂੰ ਕਿਸ ਚੀਜ਼ ਦੀ ਖੁੱਲ੍ਹ ਮਿਲ਼ ਗਈ ਹੈ?

ੳ. ਰੇਡੀਓ ਸੁਣਨ ਦੀ
ਅ. ਬਜ਼ਾਰਾਂ ਵਿੱਚ ਘੁੰਮਣ ਦੀ
ੲ. ਰੌਲ਼ਾ ਪਾਉਣ ਦੀ
ਸ. ਕੋਈ ਮੈਂਬਰੀ ਲੈਣ ਦੀ।

3. ਪੈਰੇ ਅਨੁਸਾਰ ਕਿਸ ਚੀਜ਼ ਨੂੰ ਅੱਜ ਦੇ ਮਨੁੱਖ ਨੇ ਭੁਲਾ ਲਿਆ ਹੈ?

ੳ. ਰੌਲ਼ਾ ਪਾ ਕੇ ਆਪਣੇ ਵੱਲ ਖਿੱਚਣ ਨੂੰ
ਅ. ਬਿਰਛਾਂ ਹੇਠ ਤਪੱਸਿਆ ਕਰਨ ਦਾ
ੲ. ਸੁਰੀਲੀ ਖਿੱਚ-ਭਰੀ ਤਾਲ
ਸ. ਰੇਡੀਓ ਸੁਣਨ ਨੂੰ।

4. ਸਾਡੇ ਵਿੱਚ ਕੀ ਕਰਨ ਦਾ ਹੌਸਲਾ ਨਹੀਂ ਰਿਹਾ?

ੳ. ਰੌਲ਼ੇ ਪਾਉਣ ਵਾਲ਼ਿਆਂ ਨੂੰ ਰੋਕਣ ਦਾ
ਅ. ਆਪਣੀ ਗੱਲ ਮਨਵਾਉਣ ਦਾ
ੲ. ਇਸ ਰੌਲ਼ੇ ਦੇ ਖੇਲ ਨੂੰ ਸਮਝਣ ਦਾ
ਸ. ਆਪਣੀਆਂ ਚੀਜ਼ਾਂ ਵੇਚਣ ਦਾ।

5. ਰੇਡੀਓ ਤੇ ਲਾਊਡਸਪੀਕਰਾਂ ਦੀ ਅਵਾਜ਼ ਦਾ ਮਨੁੱਖ 'ਤੇ ਕੀ ਅਸਰ ਪਿਆ?

ੳ. ਸਿਨੇਮਾ ਘਰਾਂ ਵਿੱਚ ਭੀੜ ਦਾ ਵਾਧਾ ਹੋਇਆ

ਅ. ਮਨੁੱਖ ਨੇ ਅਜਬ ਹੀ ਹੌਲ਼ੀ ਬੋਲਣਾ ਸਿੱਖ ਲਿਆ

ੲ. ਮਨੁੱਖ ਚੁੱਪ-ਚਪੀਤੇ ਇਸ ਦਾ ਸ਼ਿਕਾਰ ਨਹੀਂ ਬਣਿਆ

ਸ. ਮਨੁੱਖ ਦੇ ਕੰਨ ਅਤੇ ਦਿਮਾਗ਼ ਵਿੰਨੇ ਗਏ।

1×5=5

6. ਹੇਠ ਲਿਖੇ ਮੁਹਾਵਰਿਆਂ ਵਿੱਚੋਂ ਕੇਵਲ ***ਤਿੰਨ*** ਨੂੰ ਵਾਕਾਂ ਵਿੱਚ ਇਸ ਤਰ੍ਹਾਂ ਵਰਤੋ ਕਿ ਅਰਥ ਸਪਸ਼ਟ ਹੋ ਜਾਣ:

(ੳ) ਆਪਣੇ ਪੈਰੀਂ ਆਪ ਕੁਹਾੜਾ ਮਾਰਨਾ
(ਅ) ਇੱਕ ਦੀਆਂ ਚਾਰ ਸੁਣਾਉਣਾ
(ੲ) ਸਮੇਂ ਦੀ ਨਬਜ਼ ਪਛਾਣਨਾ
(ਸ) ਕੁੱਬੇ ਨੂੰ ਲੱਤ ਰਾਸ ਆਉਣਾ
(ਹ) ਪੱਲਾ ਝਾੜਨਾ
(ਕ) ਹੱਥਾਂ ਦੇ ਤੋਤੇ ਉੱਡਣੇ

2×3=6

7. ਵਿਸਰਾਮ-ਚਿੰਨ੍ਹ ਲਾ ਕੇ ਦੁਬਾਰਾ ਲਿਖੋ:

ਇੱਕ ਸਿੱਖ ਨੇ ਆ ਕੇ ਗੁਰੂ ਨਾਨਕ ਦੇਵ ਜੀ ਤੋਂ ਪੁੱਛਿਆ ਪਾਤਸ਼ਾਹ ਮੈਂ ਬਾਣੀ ਤਾਂ ਹਰ ਰੋਜ਼ ਪੜ੍ਹਦਾ ਹਾਂ ਸਿਮਰਨ ਵੀ ਕਰਨ ਦਾ ਜਤਨ ਕਰਦਾ ਰਹਿੰਦਾ ਹਾਂ ਪਰ ਮਨ ਫਿਰ ਵੀ ਭਟਕਦਾ ਫਿਰਦਾ ਹੈ ਅਜੇ ਤੱਕ ਸ਼ਾਂਤੀ ਨਹੀਂ ਮਿਲ਼ੀ

½×6=3

8. ਵਿਆਕਰਨ ਦੇ ਮੁੱਖ ਅੰਗ ਕਿਹੜੇ-ਕਿਹੜੇ ਹਨ? **2**

ਜਾਂ

ਪੰਜਾਬੀ ਵਿੱਚ ਤਾਲਵੀ ਵਿਅੰਜਨ ਕਿਹੜੇ-ਕਿਹੜੇ ਹਨ?

9. ਕਿਹੜੇ-ਕਿਹੜੇ ਅੱਖਰ ਨਾਲ਼ ਦੁਲੈਂਕੜ ਲਗ ਦੀ ਵਰਤੋਂ ਨਹੀਂ ਹੁੰਦੀ? **2**

10. ਪੜਨਾਂਵ ਜਾਂ ਕਿਰਿਆ-ਵਿਸ਼ੇਸ਼ਣ ਕਿਸ ਨੂੰ ਆਖਦੇ ਹਨ? ਉਦਾਹਰਨਾਂ ਸਹਿਤ ਲਿਖੋ। **2**

ਜਾਂ

ਵਿਸ਼ੇਸ਼ਣ ਦੀਆਂ ਕੋਈ ਦੋ ਕਿਸਮਾਂ ਉਦਾਹਰਨਾਂ ਸਹਿਤ ਲਿਖੋ।

11. ਹੇਠ ਲਿਖੇ ਵਾਕ ਨੂੰ ਵਚਨ ਤੇ ਲਿੰਗ ਬਦਲਣ ਉਪਰੰਤ ਦੋ ਵੱਖੋ-ਵੱਖਰੇ ਵਾਕਾਂ ਵਿੱਚ ਲਿਖੋ: **2**
ਕੁੜੀ ਸੱਪ ਅਤੇ ਹਾਥੀ ਤੋਂ ਡਰਦੀ ਹੈ।

12. ਹੇਠ ਲਿਖੇ ਵਾਕ ਨੂੰ ਭੂਤ-ਕਾਲ ਅਤੇ ਭਵਿਖਤ-ਕਾਲ ਵਿੱਚ ਬਦਲਣ ਉਪਰੰਤ ਦੋ ਵੱਖੋ-ਵੱਖਰੇ ਵਾਕਾਂ ਵਿੱਚ ਲਿਖੋ:
ਅਸੀਂ ਪੜ੍ਹਦੇ ਹਾਂ। **2**

13. (ੳ) 'ਜੱਗ' ਸ਼ਬਦ ਦੇ ਦੋ ਵੱਖ-ਵੱਖ ਅਰਥ ਦਰਸਾਉਂਦੇ ਵਾਕ ਬਣਾਓ।
(ਅ) 'ਅਲੌਕਿਕ' ਸ਼ਬਦ ਦਾ ਸਮਾਨਾਰਥਕ ਸ਼ਬਦ ਲਿਖੋ।

ਜਾਂ

ਬਹੁਤੇ ਸ਼ਬਦਾਂ ਲਈ ਇੱਕ ਢੁਕਵਾਂ ਸ਼ਬਦ ਲਿਖੋ:
ਕੀਤੇ ਨੂੰ ਨਾ ਜਾਣਨ ਵਾਲ਼ਾ **2+1=3**

ਪੰਜਾਬ ਸਕੂਲ ਸਿੱਖਿਆ ਬੋਰਡ